**ਦਫਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ,ਪੰਜਾਬ**
**ਐਸ.ਸੀ.ਓ ਨੰ. 104-106, ਸੈਕਟਰ 34 ਏ, ਚੰਡੀਗੜ੍ਹ**
**ਟੈਲੀਫੋਨ ਨੰ : 0172-5015876, 5015862, ਈਮੇਲ : ssapunjab.mis@gmail.com**

ਵੱਲ :

ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ. ਅਤੇ ਸੈ.ਸਿ.) ,
ਪੰਜਾਬ।

ਮੀਮੋ ਨੰ :- ਸਸਅ/2013/ਐਮ.ਆਈ.ਐਸ./ਡਾਈਸ/ 000445
ਮਿਤੀ ਚੰਡੀਗੜ੍ਹ 08 **ਜਨਵਰੀ, 2013**

**ਵਿਸ਼ਾ : ਡਾਈਸ ਸਰਵੇ 2012-13 ਦੀ ਮੁੜ ਜਾਂਚ ਕਰਵਾਉਣ ਸਬੰਧੀ।**

1. ਉਪਰੋਕਤ ਵਿਸ਼ੇ ਸੰਬਧੀ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।
2. ਡਾਈਸ ਸਰਵੇ 2012-13 ਅਧੀਨ ਸਕੂਲਾਂ ਤੋਂ ਅੰਕੜੇ ਇੱਕਤਰ ਕਰਨ ਦਾ ਕੰਮ ਸਮੂਹ ਜਿਲਿਆਂ ਵੱਲੋਂ ਮੁਕੰਮਲ ਕਰ ਲਿਆ ਗਿਆ ਹੈ ਅਤੇ ਇੱਕਤਰ ਕੀਤੇ ਅੰਕੜਿਆਂ ਤੋਂ ਵੱਖ ਵੱਖ ਤਰ੍ਹਾਂ ਦੀਆਂ ਰਿਪੋਰਟਾਂ ਮੁੱਖ ਦਫਤਰ ਵਿਖੇ ਤਿਆਰ ਕੀਤੀਆਂ ਗਈਆਂ ਹਨ।
3. ਇਹਨਾਂ ਰਿਪੋਰਟਾਂ ਨੂੰ ਘੋਖਣ ਉਪਰੰਤ ਅੰਕੜਿਆਂ ਵਿੱਚ ਕਈ ਪ੍ਰਕਾਰ ਦੀਆਂ ਖਾਮੀਆਂ ਪਾਈਆਂ ਗਈਆਂ ਹਨ ਜਿਸ ਨਾਲ ਇਹ ਪਤਾ ਚੱਲਦਾ ਹੈ ਕਿ ਅੰਕੜਿਆਂ ਨੂੰ ਸਕੂਲਾਂ ਤੋਂ ਇਕੱਤਰ ਕਰਨ ਉਪਰੰਤ ਜਿਲ੍ਹਾ ਜਾਂ ਬਲਾਕ ਪੱਧਰ ਉੱਤੇ ਚੈਕ ਨਹੀ ਕੀਤਾ ਗਿਆ ਹੈ।
4. ਕਿਉਂ ਜੋ ਡਾਈਸ ਸਰਵੇ ਅਧੀਨ ਇੱਕਤਰ ਕੀਤੇ ਅੰਕੜਿਆਂ ਦੀ ਵਰਤੋਂ ਵਿਭਾਗ ਦੇ ਸਮੂਹ ਕੰਪੋਨੈਂਟਾਂ ਵੱਲੋਂ ਕੀਤੀ ਜਾਂਦੀ ਹੈ, ਇਸ ਲਈ ਇਹਨਾਂ ਅੰਕੜਿਆਂ ਦੀ ਗੁਣਵੱਤਾ ਦੀ ਜਾਂਚ ਦੀ ਜਿੰਮੇਵਾਰੀ ਵੀ ਸਮੂਹ ਕੰਪੋਨੈਂਟਾਂ ਦੀ ਹੀ ਬਣਦੀ ਹੈ।
5. ਮੁੱਖ ਦਫਤਰ ਦੀ ਐਮ.ਆਈ.ਐਸ. ਸ਼ਾਖਾ ਵੱਲੋਂ ਇੱਕ ਸਾਫਟਵੇਅਰ ਤਿਆਰ ਕੀਤਾ ਗਿਆ ਹੈ ਜਿਸ ਨਾਲ ਸਕੂਲਾਂ ਵੱਲੋਂ ਇਸ ਸਾਲ ਦੌਰਾਨ ਦਿੱਤੇ ਗਏ ਅੰਕੜਿਆਂ ਦੇ ਅਧਾਰ ਤੇ ਇੱਕ ਰਿਪੋਰਟ ਕਾਰਡ ਤਿਆਰ ਕੀਤਾ ਜਾਂਦਾ ਹੈ ਜਿਸ ਵਿੱਚ ਅਧਿਆਪਕ, ਵਿਦਿਆਰਥੀ, ਬੁਨਿਆਦੀ ਸਹੂਲਤਾਂ ਸਮੇਤ ਕਈ ਹੋਰ ਜਰੂਰੀ parameters ਸ਼ਾਮਿਲ ਕੀਤੇ ਗਏ ਹਨ।
6. ਡਾਈਸ ਡਾਟੇ ਦੀ ਗੁਣਵੱਤਾ ਅਤੇ ਮਹੱਤਤਾ ਨੂੰ ਧਿਆਨ ਵਿੱਚ ਰੱਖ ਕੇ ਇਹ ਫੈਸਲਾ ਕੀਤਾ ਗਿਆ ਹੈ ਕਿ ਜਿਲ੍ਹੇ ਅਧੀਨ ਪੈਂਦੇ ਸਰਕਾਰੀ ਅਤੇ ਏਡਿਡ ਸਕੂਲਾਂ ਨੂੰ ਸਮੂਹ ਜਿਲ੍ਹਾ ਐਲੀਮੈਂਟਰੀ ਅਤੇ ਸੈਕੰਡਰੀ ਦਫਤਰ ਦੇ ਅਧਿਕਾਰੀ (ਡੀ.ਆਰ.ਪੀ., ਐਸ.ਡੀ.ਈ., ਡੀ.ਐਸ.ਈ., ਏ.ਪੀ.ਸੀ., ਲੇਖਾਕਾਰ) ਅਤੇ ਬਲਾਕ ਅਧਿਕਾਰੀ (ਬੀ.ਆਰ.ਪੀ., ਐਮ.ਆਈ.ਐਸ. ਕੋਆਰਡੀਨੇਟਰ, ਜੇ.ਈ., ਮਿਡ ਡੇ ਮੀਲ ਅਧਿਕਾਰੀ, ਲੇਖਾਕਾਰ ਅਤੇ ਆਫਿਸ ਅਸਿਸਟੈਂਟ) ਵਿਚਕਾਰ ਬਰਾਬਰ ਵੰਡਿਆ ਜਾਵੇ। ਇਹ ਅਧਿਕਾਰੀ ਅਲਾਟ ਕੀਤੇ ਗਏ ਸਕੂਲਾਂ ਵਿੱਚ ਜਾ ਕੇ ਰਿਪੋਰਟ ਕਾਰਡ ਉੱਤੇ ਦਰਸਾਏ ਸਾਰੇ parameters ਨੂੰ ਚੈਕ ਕਰਨਗੇ ਅਤੇ ਜੇਕਰ ਕੋਈ ਖਾਮੀ ਪਾਈ ਜਾਂਦੀ ਹੈ ਤਾਂ ਉਸ ਨੂੰ ਜਿਲ੍ਹਾ ਐਮ.ਆਈ.ਐਸ. ਕੋਆਰਡੀਨੇਟਰ ਤੋਂ ਡਾਈਸ ਸਾਫਟਵੇਅਰ ਵਿੱਚ ਠੀਕ ਕਰਵਾਉਣਗੇ।
7. ਜਿਲ੍ਹਾ ਐਮ.ਆਈ. ਐਸ. ਕੋਆਰਡੀਨੇਟਰ ਵੱਲੋਂ ਉਪਰੋਕਤ ਦਰਸਾਏ ਸਮੂਹ ਅਧਿਕਾਰੀਆਂ ਨੂੰ ਡਾਈਸ ਅੰਕੜਿਆਂ ਨੂੰ ਚੈਕ ਕਰਨ ਸਬੰਧੀ ਟ੍ਰੇਨਿੰਗ ਦਿੱਤੀ ਜਾਵੇ ਅਤੇ ਹਰੇਕ parameters ਨੂੰ ਵਿਸਥਾਰ ਨਾਲ ਸਮਝਾਇਆ ਜਾਵੇ।
8. ਜਿਲ੍ਹਾ ਸਿੱਖਿਆ ਅਫਸਰ (ਸੈ.ਸਿ. ਅਤੇ ਐ.ਸਿ.) ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਡਾਈਸ ਅੰਕੜਿਆਂ ਨੂੰ ਨਿੱਜੀ ਰੁਚੀ ਲੈ ਕੇ ਠੀਕ ਕਰਵਾਉਣ ਤਾਂ ਜੋ ਜਿਲ੍ਹੇ ਦਾ ਸਲਾਨਾ ਪਲਾਨ ਸਹੀ ਅੰਕੜਿਆਂ ਦੇ ਅਧਾਰ ਤੇ ਤਿਆਰ ਕੀਤਾ ਜਾ ਸਕੇ ਅਤੇ ਭਾਰਤ ਸਰਕਾਰ ਨੂੰ ਸਕੂਲਾਂ ਦੀ ਸਹੀ ਸਥਿਤੀ ਸਬੰਧੀ ਜਾਣੂੰ ਕਰਵਾਇਆ ਜਾ ਸਕੇ।
9. ਜੇਕਰ ਕਿਸੇ ਵੀ ਸਕੂਲ ਦੇ ਅੰਕੜਿਆਂ ਵਿੱਚ ਕੋਈ ਵੀ ਖਾਮੀ ਪਾਈ ਜਾਂਦੀ ਹੈ ਜਾਂ ਸਕੂਲ ਦੀ ਸਥਿਤੀ ਸਬੰਧੀ ਗਲਤ ਜਾਣਕਾਰੀ ਦਿੱਤੀ ਜਾਂਦੀ ਹੈ ਤਾਂ ਇਸ ਦੀ ਨਿਰੋਲ ਜਿੰਮੇਵਾਰੀ ਸਕੂਲ ਮੁੱਖੀ ਅਤੇ ਸਬੰਧਤ ਅਧਿਕਾਰੀ ਜਿਸ ਨੂੰ ਸਕੂਲ ਅਲਾਟ ਕੀਤਾ ਗਿਆ ਹੈ ਦੀ ਹੋਵੇਗੀ।
10. ਅੰਕੜਿਆਂ ਨੂੰ ਠੀਕ ਕਰਵਾਉਣ ਸਬੰਧੀ ਸਾਰਾ ਕੰਮ ਮਿਤੀ 15-01-2013 ਤੱਕ ਮੁਕੰਮਲ ਕਰ ਲਿਆ ਜਾਵੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।**

ਉਪਰੋਕਤ ਦਾ ਉਤਾਰਾ ਸਮੂਹ ਐਮ.ਆਈ.ਐਸ. ਕੋਆਰਡੀਨੇਟਰਾਂ ਨੂੰ ਜਾਣਕਾਰੀ ਹਿੱਤ ਭੇਜਿਆ ਜਾਂਦਾ ਹੈ।